# <u>ਪੰਜਾਬ ਵਿਧਾਨ ਸਭਾ ਸਕੱਤਰੇਤ</u>

## <u>ਕੁਟੇਸ਼ਨਾਂ ਮੰਗਵਾਉਣ ਸਬੰਧੀ ਨੋਟਿਸ</u>

ਪੰਜਾਬ ਵਿਧਾਨ ਸਭਾ ਦੇ ਅਗਾਮੀ ਸਮਾਗਮ ਦੇ ਮਿਤੀ 26.09.2025 ਤੋਂ ਸ਼ੁਰੂ ਹੋ ਰਹੇ ਸੈਸ਼ਨ ਦੌਰਾਨ ਹਾਊਸ ਅੰਦਰ ਦੋ 4K Curved Shape LED Wall ਲਗਾਈਆਂ ਜਾਣੀਆਂ ਹਨ। ਇਸ ਸਬੰਧੀ ਹੇਠ ਦਰਸਾਇਆਂ ਸ਼ਰਤਾਂ ਮੁਤਾਬਿਕ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ:-

**ਕੁਟੇਸ਼ਨਾਂ ਮੰਗਵਾਉਣ ਸਬੰਧੀ ਨਿਮਨ ਸ਼ਰਤਾਂ ਦਰਜ ਕਰ ਲਈਆਂ ਜਾਣ:**

1. ਵੈਂਡਰ Curved shape LED Wall ਮਿਤੀ 25.09.2025 ਨੂੰ ਹਰ ਹਾਲਤ ਵਿੱਚ ਹਾਊਸ ਵਿੱਚ ਇੰਸਟਾਲ ਕਰਕੇ ਅਤੇ ਉਨ੍ਹਾਂ ਨੂੰ ਐਕਟਿਵ ਕਰਨਾ ਯਕੀਨੀ ਬਣਾਏਗਾ।
2. ਸਕਰੀਨਾਂ ਨੂੰ ਵਿਧਾਨ ਸਭਾ ਪਹੁੰਚਾਉਣ ਲਈ ਟਰਾਂਸਪੋਰਟ ਚਾਰਜਿਜ਼ ਵੈਂਡਰ ਦੇ ਆਪਣੇ ਹੋਣਗੇ।
3. ਪੂਰੇ ਸੈਸ਼ਨ ਦੌਰਾਨ ਸਕਰੀਨਾਂ ਨੂੰ ਨਿਰਵਿਘਨ ਐਕਟੀਵੇਟ ਰੱਖਣ ਦੀ ਜ਼ਿੰਮੇਵਾਰੀ ਵੈਂਡਰ ਦੀ ਹੋਵੇਗੀ।
4. ਹਰ ਰੋਜ਼ ਸੈਸ਼ਨ ਸ਼ੁਰੂ ਹੋਣ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਇਹ ਸਕਰੀਨਾਂ ਐਕਟੀਵੇਟ ਹੋ ਜਾਣੀਆਂ ਚਾਹੀਦੀਆਂ ਹਨ।
5. ਵੀਡੀਓ ਵਾਲਜ਼ ਦੇ ਭੁਗਤਾਨ ਸਮੇਂ ਜੀ.ਐਸ.ਟੀ. ਸਰਕਾਰੀ ਹਦਾਇਤਾਂ ਮੁਤਾਬਿਕ ਪੰਜਾਬ ਰਾਜ ਵਿੱਚ ਪੇਅਏਬਲ ਹੋਣਾ ਚਾਹੀਦਾ ਹੈ।
6. ਵੈਂਡਰ ਦਾ ਸੈਸ਼ਨ ਦੌਰਾਨ ਘੱਟੋ-ਘੱਟ ਇੱਕ ਐਕਸਪਰਟ ਵਿਧਾਨ ਸਭਾ ਵਿੱਚ ਮੌਜੂਦ ਰਹੇਗਾ।
7. ਸਕਰੀਨਾਂ ਦਾ ਸਾਈਜ਼ 8x10 ਫੁੱਟ ਹੋਣਾ ਚਾਹੀਦਾ ਹੈ।
8. ਵੀਡੀਓ ਵਾਲਜ਼ ਨਿਰਵਿਘਨ ਐਕਟੀਵੇਟ ਰੱਖਣ ਦਾ ਰੇਟ ਡੇਲੀ ਬੇਸਿਸ ਤੇ ਹੋਵੇਗਾ। ਅਗਰ ਸੈਸ਼ਨ ਦੌਰਾਨ ਕੋਈ ਛੁੱਟੀ/off day ਆ ਜਾਂਦਾ ਹੈ ਤਾਂ ਉਸ ਦਿਨ ਦੇ ਚਾਰਜਿਜ਼ ਸ਼ਾਮਿਲ ਨਹੀਂ ਹੋਣਗੇ।
9. ਜਿਸ ਵੈਂਡਰ ਕੋਲ ਇਸ ਸਬੰਧੀ ਕਿਸੇ ਵੀ ਵਿਧਾਨ ਸਭਾ ਵਿੱਚ ਇਹ ਵੀਡੀਓ ਵਾਲਜ਼ ਲਗਵਾਉਣ ਦਾ ਤਜਰਬਾ ਹੋਵੇਗਾ ਅਤੇ ਉਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।
10. ਵੈਂਡਰ ਹਾਊਸ ਵਿੱਚ ਇਸ ਢੰਗ ਨਾਲ ਵੀਡੀਓ ਵਾਲਜ਼ ਲਗਾਏਗਾ, ਜਿਸ ਨਾਲ ਗੈਲਰੀਆਂ ਵਿੱਚ ਬੈਠੇ ਵਿਅਕਤੀਆਂ ਨੂੰ ਹਾਊਸ ਦੇਖਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ।

ਕਿਉਂਕਿ ਸੈਸ਼ਨ ਵਿੱਚ ਸਮਾਂ ਬਹੁਤ ਘੱਟ ਹੈ, ਇਸ ਲਈ ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਦੀਆਂ ਕੁਟੇਸ਼ਨਾਂ ਮਿਤੀ 23.09.2025 ਨੂੰ 12:00 ਵਜੇ ਦੁਪਹਿਰ ਤੋਂ ਪਹਿਲਾਂ-ਪਹਿਲਾਂ ਸੀਲਬੰਦ ਲਿਫਾਫੇ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਪਹੁੰਚ ਜਾਣੀਆਂ ਚਾਹੀਦੀਆਂ ਹਨ। ਮਿਤੀ 23.09.2025 ਨੂੰ 2:00 ਵਜੇ ਬਾਅਦ ਦੁਪਹਿਰ ਸਕੱਤਰ ਜੀ ਦੇ ਕਮਰੇ ਵਿੱਚ ਇਹ ਕੁਟੇਸ਼ਨਾਂ ਖੋਲ੍ਹ ਦਿੱਤੀਆਂ ਜਾਣਗੀਆਂ।

ਕੁਟੇਸ਼ਨਾਂ ਸਬੰਧੀ ਕੋਈ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦਾ ਰਾਖਵਾਂ ਹੋਵੇਗਾ।

**ਮਿਤੀ – 19/09/2025** **ਸਕੱਤਰ**

**ਪੰਜਾਬ ਵਿਧਾਨ ਸਭਾ**